# ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ

(ਸੈਕਟਰ -62 ਪੁੱਡਾ ਭਵਨ, ਐਸ. ਏ. ਐਸ ਨਗਰ)

(ਰੈਗੂਲੇਟਰੀ ਸ਼ਾਖਾ)

## ਜਨਤਕ ਸੂਚਨਾ

ਰਾਜ ਦੀ ਆਮ ਜਨਤਾ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰ: 12/2/13-5ਐਚ.ਜੀ2/3052 ਮਿਤੀ 21-08-2013, ਨੋਟੀਫਿਕੇਸ਼ਨ ਨੰ: 12/2/13-5ਐਚ.ਜੀ2/332385/1 ਮਿਤੀ 28-10-2014, ਨੋਟੀਫਿਕੇਸ਼ਨ ਨੰ: 12/04/16-5ਐਚ.ਜੀ./891764/1 ਮਿਤੀ 15-12-2016 ਰਾਹੀਂ ਪੰਜਾਬ ਰਾਜ ਵਿੱਚ ਸਥਾਪਿਤ ਕੀਤੀਆਂ ਗਈਆਂ ਅਣ-ਅਧਿਕਾਰਤ ਕਲੋਨੀਆਂ ਅਤੇ ਅਣ-ਅਧਿਕਾਰਤ ਪਲਾਟਾਂ/ਬਿਲਡਿੰਗਾਂ ਨੂੰ ਰੈਗੂਲਰਾਈਜ਼/ਕੰਪਾਊਂਡ ਕਰਨ ਲਈ ਪਾਲਿਸੀਆਂ ਜਾਰੀ ਕੀਤੀਆਂ ਗਈਆਂ ਸਨ।

ਇਨ੍ਹਾਂ ਪਾਲਿਸੀਆਂ ਤਹਿਤ ਕੁੱਝ ਪ੍ਰਮੋਟਰਾਂ/ਬਿਲਡਰਾਂ/ਪਲਾਟ ਹੋਲਡਰਾਂ ਵੱਲੋਂ ਗਮਾਡਾ ਦੇ ਅਧਿਕਾਰ ਖੇਤਰ ਅਧੀਨ ਪੈਂਦੀਆਂ ਅਣ-ਅਧਿਕਾਰਤ ਕਲੋਨੀਆਂ/ਪਲਾਟਾਂ/ਬਿਲਡਿੰਗਾਂ ਨੂੰ ਰੈਗੂਲਰ/ਕੰਪਾਊਂਡ ਕਰਵਾਉਣ ਲਈ ਆਪਣੇ ਬਿਨੈਪੱਤਰ ਗਮਾਡਾ ਦਫ਼ਤਰ ਵਿੱਚ ਜਮ੍ਹਾਂ ਕਰਵਾਏ ਗਏ ਸਨ, ਉਨ੍ਹਾਂ ਬਿਨੈਕਾਰਾਂ ਵੱਲੋਂ ਬਿਨੈਪੱਤਰ ਨਾਲ 25% ਰੈਗੂਲਰਾਈਜੇਸ਼ਨ/ਕੰਪਾਊਡਿੰਗ ਫੀਸ ਹੀ ਜਮ੍ਹਾਂ ਕਰਵਾਈ ਗਈ ਹੈ। ਗਮਾਡਾ ਦਫ਼ਤਰ ਵੱਲੋਂ ਇਨ੍ਹਾਂ ਬਿਨੈਕਾਰਾਂ ਨੂੰ ਆਪਣੇ ਬਿਨੈਪੱਤਰਾਂ ਨਾਲ ਪਾਲਿਸੀ ਅਨੁਸਾਰ ਜਮ੍ਹਾਂ ਕਰਵਾਏ ਜਾਣ ਵਾਲੇ ਦਸਤਾਵੇਜਾਂ ਅਤੇ ਬਕਾਇਆ ਰਹਿੰਦੀ ਕੰਪਾਊਂਡਿੰਗ ਫੀਸ ਜਮ੍ਹਾਂ ਕਰਵਾਉਣ ਲਈ ਲਿਖਤੀ ਰੂਪ ਵਿੱਚ ਕਈ ਵਾਰ ਨੋਟਿਸ ਜਾਰੀ ਕੀਤੇ ਗਏ ਸਨ, ਪ੍ਰੰਤੂ ਇਨ੍ਹਾਂ ਕਲੋਨਾਈਜ਼ਰਾਂ/ਪਲਾਟ ਹੋਲਡਰਾਂ ਵੱਲੋਂ ਪਾਲਿਸੀ ਅਨੁਸਾਰ ਨਿਰਧਾਰਤ ਦਸਤਾਵੇਜ਼/ਕੰਪਾਊਂਡਿੰਗ ਫੀਸ ਜਮ੍ਹਾਂ ਨਹੀਂ ਕਰਵਾਈ। ਇਸ ਉਪਰੰਤ ਜਿਹੜੇ ਬਿਨੈਕਾਰਾਂ ਵੱਲੋਂ ਦਸਤਾਵੇਜ਼/ਬਕਾਇਆ ਰਕਮ ਜਮ੍ਹਾਂ ਨਹੀਂ ਕਰਵਾਈ ਗਈ ਸੀ ਉਨ੍ਹਾਂ ਨੂੰ 15 ਦਿਨਾਂ ਦੇ ਅੰਦਰ-2 ਦਸਤਾਵੇਜ਼ ਅਤੇ ਬਕਾਇਆ ਰਹਿੰਦੀ ਫੀਸ ਜਮ੍ਹਾਂ ਕਰਵਾਉਣ ਲਈ ਮਿਤੀ 22-12-2016 ਨੂੰ ਵੱਖ-2 ਅਖਬਾਰਾਂ ਵਿੱਚ ਜਨਤਕ ਨੋਟਿਸ ਦਿੱਤਾ ਗਿਆ ਸੀ। ਇਸ ਨੋਟਿਸ ਦੇ ਬਾਵਜੂਦ ਵੀ ਬਿਨੈਕਾਰਾਂ ਵੱਲੋਂ ਨਾ ਤਾਂ ਬਕਾਇਆ ਰਕਮ ਜਮ੍ਹਾਂ ਕਰਵਾਈ ਗਈ ਅਤੇ ਨਾ ਹੀ ਦਸਤਾਵੇਜ਼ ਮੁਕੰਮਲ ਕੀਤੇ ਗਏ।

ਇਸ ਲਈ ਇਸ ਜਨਤਕ ਸੂਚਨਾ ਰਾਹੀਂ ਉਨ੍ਹਾਂ ਬਿਨੈਕਾਰਾਂ ਨੂੰ ਆਖਰੀ ਮੌਕਾ ਦਿੰਦੇ ਹੋਏ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਨੋਟਿਸ ਦੇ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-2 ਦਫ਼ਤਰ ਨਾਲ ਨਿੱਜੀ ਪੱਧਰ ਤੇ ਸੰਪਰਕ ਕਰਕੇ ਨਿਰਧਾਰਤ ਦਸਤਾਵੇਜ਼ ਅਤੇ ਬਕਾਇਆ ਰਹਿੰਦੀਆਂ ਫੀਸਾਂ ਜਮ੍ਹਾਂ ਕਰਵਾਈਆਂ ਜਾਣ। ਜੇਕਰ ਇਨ੍ਹਾਂ ਬਿਨੈਕਾਰਾਂ ਵੱਲੋਂ ਮਿੱਥੇ ਸਮੇਂ ਦੇ ਅੰਦਰ-2 ਲੋੜੀਂਦੇ ਦਸਤਾਵੇਜ਼ ਗਮਾਡਾ ਦਫ਼ਤਰ ਵਿੱਚ ਜਮ੍ਹਾਂ ਨਹੀਂ ਕਰਵਾਏ ਜਾਂਦੇ ਜਾਂ ਬਕਾਇਆ ਰਹਿੰਦੀਆਂ ਫੀਸਾਂ ਜਮ੍ਹਾਂ ਨਹੀਂ ਕਰਵਾਈਆਂ ਜਾਂਦੀਆਂ ਤਾਂ ਇਸ ਦਫ਼ਤਰ ਵੱਲੋਂ ਇਕਤਰਫਾ ਕਰਵਾਈ ਕਰਦੇ ਹੋਏ ਇਨ੍ਹਾਂ ਦੇ ਬਿਨੈਪੱਤਰ ਰੱਦ ਕਰ ਦਿੱਤੇ ਜਾਣਗੇ ਅਤੇ ਉਨ੍ਹਾਂ ਬਿਨੈਕਾਰਾਂ ਵਿਰੁੱਧ ਵੱਖ-2 ਐਕਟਾਂ/ਰੂਲਾਂ ਤਹਿਤ ਕਾਨੂੰਨੀ ਕਾਰਵਾਈ ਵੀ ਆਰੰਭ ਦਿੱਤੀ ਜਾਵੇਗੀ।

ਸਮਰੱਥ ਅਧਿਕਾਰੀ-ਕਮ-
ਵਧੀਕ ਮੁੱਖ ਪ੍ਰਸ਼ਾਸਕ, ਗਮਾਡਾ,
ਐਸ.ਏ.ਐਸ.ਨਗਰ।